# ਅਕਸਰ ਪੁੱਛੇ ਜਾਂਦੇ ਪ੍ਰਸ਼ਨ (FAQs)

**ਵਾਸ਼ਿੰਗਟਨ ਸਕੂਲ ਇੰਪਰੂਵਮੈਂਟ ਫ੍ਰੇਮਵਰਕ (ਵਾਸ਼ਿੰਗਟਨ ਸਕੂਲ ਸੁਧਾਰ ਢਾਂਚਾ) (WSIF)**

**ਅਤੇ ਐਵਰੀ ਸਟੂਡੈਂਟ ਸਕਸੀਡਜ਼ ਐਕਟ (ESSA)**

## ਪਿਛੋਕੜ

- ਐਵਰੀ ਸਟੂਡੈਂਟ ਸਕਸੀਡਜ਼ ਐਕਟ (ESSA) ਕੀ ਹੈ? ਮੈਨੂੰ ਇਸ ਬਾਰੇ ਜਾਣਨ ਦੀ ਲੋੜ ਕਿਉਂ ਹੈ?

ESSA ਇੱਕ ਪ੍ਰਮੁੱਖ ਫੈਡਰਲ ਕਾਨੂੰਨ ਹੈ ਜੋ ਅਮਰੀਕਾ ਵਿੱਚ ਜਨਤਕ ਸਿੱਖਿਆ ਨੂੰ ਸੰਚਾਲਿਤ ਕਰਦਾ ਹੈ। ਖਾਸ ਤੌਰ 'ਤੇ ESSA, ਐਲੀਮੈਂਟਰੀ ਐਂਡ ਸੈਕੰਡਰੀ ਐਜੂਕੇਸ਼ਨ ਐਕਟ (ESEA) ਜਿਸ ਨੂੰ 10 ਦਸੰਬਰ 2015 ਨੂੰ ਪ੍ਰੈਜ਼ੀਡੈਂਟ ਓਬਾਮਾ ਦੁਆਰਾ ਕਾਨੂੰਨ ਬਣਾਇਆ ਗਿਆ ਸੀ, ਨੂੰ ਮੁੜ-ਅਧਿਕਾਰ ਦਿੰਦਾ ਹੈ। ESEA ਦੀ ਪਿਛਲੀ 2002 ਅਧਿਕਾਰ ਦੇਣ ਦੀ ਪ੍ਰਕਿਰਿਆ ਨੂੰ ਆਮ ਤੌਰ 'ਤੇ ਨੋ ਚਾਈਲਡ ਲੈਫ਼ਟ ਬਿਹਾਇੰਡ ਕਿਹਾ ਜਾਂਦਾ ਹੈ ਅਤੇ ਉਸ ਨੇ ਪਰੰਪਰਤਾਗਤ ਤੌਰ 'ਤੇ ਘੱਟ ਸਹਾਇਤਾ ਮਿਲ ਰਹੇ ਵਿਦਿਆਰਥੀਆਂ ਵਿਚਕਾਰ ਪ੍ਰਾਪਤੀ ਦੇ ਫਾਸਲੇ ਨੂੰ ਉਜਾਗਰ ਕੀਤਾ। ESSA ਲਗਾਤਾਰ ਬਰਾਬਰੀ ਨੂੰ ਅੱਗੇ ਵਧਾ ਰਿਹਾ ਹੈ ਅਤੇ ਮੰਗ ਕਰਦਾ ਹੈ ਕਿ ਸਾਰੇ ਵਿਦਿਆਰਥੀਆਂ ਨੂੰ ਉਚ ਅਕਾਦਮਿਕ ਮਿਆਰ ਸਿਖਾਏ ਜਾਣ ਜੋ ਉਹਨਾਂ ਨੂੰ ਕਾਲਜ ਅਤੇ ਕੈਰੀਅਰ ਲਈ ਤਿਆਰ ਕਰਨ।

ESSA ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਆਫ਼ਿਸ ਆਫ਼ ਸੁਪਰਿਨਟੈਂਡੈਂਟ ਆਫ਼ ਪਬਲਿਕ ਇੰਸਟ੍ਰਕਸ਼ਨ (Office of Superintendent of Public Instruction, OSPI) ਜਾਂ ਯੂਐਸ ਡਿਪਾਰਟਮੈਂਟ ਆਫ਼ ਐਜੂਕੇਸ਼ਨ ਦੇਖੋ।

- ਮੈਨੂੰ ESSA ਬਾਰੇ ਜਾਣਨ ਵਿੱਚ ਦਿਲਚਸਪੀ ਕਿਉਂ ਹੋਣੀ ਚਾਹੀਦੀ ਹੈ?

ਫੈਡਰਲ ਸਿੱਖਿਆ ਕਾਨੂੰਨ ਨੂੰ ਮੁੜ ਅਧਿਕਾਰ ਦੇਣ ਦੀ ਪ੍ਰਕਿਰਿਆ ਕਦੇ-ਕਦਾਈਂ ਹੁੰਦੀ ਹੈ ਅਤੇ ਵਾਸ਼ਿੰਗਟਨ ਨੂੰ ਵਿਦਿਆਰਥੀਆਂ ਲਈ ਨਤੀਜਿਆਂ ਵਿੱਚ ਸੁਧਾਰ ਲਿਆਉਣ ਲਈ ਸਿੱਖਿਆ ਪ੍ਰਤੀ ਆਪਣੇ ਤਰੀਕੇ ਵਿੱਚ ਨਵੀਨਤਾ ਲਿਆਉਣ ਦਾ ਮੌਕਾ ਪੇਸ਼ ਕਰਦੀ ਹੈ। ਪਰ, ਵਿਦਿਆਰਥੀਆਂ ਨੂੰ ਪਾਸ ਹੋਣ ਤੋਂ ਬਾਅਦ ਸਫਲਤਾ ਲਈ ਤਿਆਰ ਕਰਨ ਦਾ ਕਾਰਜ ਉਹ ਹੈ ਜੋ OSPI ਵਿਦਿਆਰਥੀਆਂ, ਪਰਿਵਾਰਾਂ, ਅਤੇ ਭਾਈਚਾਰੇ ਦੇ ਮੈਂਬਰਾਂ ਨਾਲ ਸਾਂਝਾ ਕਰਦਾ ਹੈ। OSPI ਨੇ ਡਿਸਟ੍ਰਿਕਟਾਂ ਅਤੇ ਸਕੂਲਾਂ ਦੀ ਸਹਾਇਤਾ ਲਈ ਜੋ ਯੋਜਨਾ ਬਣਾਈ ਹੈ, ਉਸ ਨੂੰ ਸਮਝਣ ਅਤੇ ਉਸ ਵਿੱਚ ਭਾਈਵਾਲ ਬਣਨ ਲਈ, ਤੁਸੀਂ ਸਾਡੀ ESSA ਸੰਯੁਕਤ ਯੋਜਨਾ ਦੀ ਸਮੀਖਿਆ ਕਰ ਸਕਦੇ ਹੋ।

# ਆਮ ਜਨਤਾ ਲਈ ਅਕਸਰ ਪੁੱਛੇ ਜਾਂਦੇ ਪ੍ਰਸ਼ਨ

## ਪਛਾਣ

- ਵਾਸ਼ਿੰਗਟਨ ਸਕੂਲ ਇੰਪਰੂਵਮੈਂਟ ਫ੍ਰੇਮਵਰਕ (ਵਾਸ਼ਿੰਗਟਨ ਸਕੂਲ ਸੁਧਾਰ ਢਾਂਚਾ) (WSIF) ਕੀ ਹੈ? ਸਕੂਲਾਂ ਦੀ ਪਛਾਣ ਕਿਵੇਂ ਕੀਤੀ ਜਾਂਦੀ ਹੈ? "ਕੱਟ ਸਕੋਰ" ਕੀ ਹੁੰਦਾ ਹੈ?

ਵਾਸ਼ਿੰਗਟਨ ਨੇ WSIF ਤਿਆਰ ਕੀਤਾ ਹੈ, ਜੋ ਕਿ ਸਕੂਲ ਗੁਣਵੱਤਾ ਅਤੇ ਸਫਲਤਾ ਦੇ ਸੂਚਕਾਂ (ਮਤਲਬ ਕਿ ਨਿਯਮਿਤ ਹਾਜ਼ਰੀ, 9ਵੇਂ ਗ੍ਰੇਡ ਦੇ ਵਿਦਿਆਰਥੀ ਪਾਸ ਹੋਣ ਦੇ ਰਸਤੇ 'ਤੇ ਅਤੇ ਅਡਵਾਂਸ ਕੋਰਸ ਲੈਣ/ਦੂਹਰੇ ਕ੍ਰੈਡਿਟ) ਦੇ ਨਾਲ ਅਕਾਦਮਿਕ ਸੂਚਕਾਂ ਦੇ ਸੁਮੇਲ ਦੀ ਵਰਤੋਂ ਕਰਦਾ ਹੈ (ਮਤਲਬ ਕਿ ਇੰਗਲਿਸ਼ ਲੈਂਗਵੇਜ ਆਰਟਸ ਅਤੇ ਮੈਥੇਮੈਟਿਕਸ ਵਿੱਚ ਨਿਪੁੰਨਤਾ ਅਤੇ ਵਾਧਾ, ਪਾਸ ਹੋਣਾ, ਅਤੇ ਅੰਗ੍ਰੇਜ਼ੀ ਦੇ ਸਿਖਿਆਰਥੀ ਦੀ ਤਰੱਕੀ)। ਇਹਨਾਂ ਸੂਚਕਾਂ ਨੂੰ ਭਾਰਿਤ ਅੰਕਾਂ ਵਿੱਚ ਮਿਲਾਇਆ ਜਾਂਦਾ ਹੈ ਜਿਸ ਨੂੰ ਵਿਆਪਕ ਜਾਂ ਟੀਚਾਬੱਧ ਸਹਾਇਤਾ ਲਈ ਸਕੂਲਾਂ ਦੀ ਪਛਾਣ ਕਰਨ ਲਈ ਵਰਤਿਆ ਜਾਂਦਾ ਹੈ।

  - ਵਿਆਪਕ ਸਹਾਇਤਾ ਲਈ ਪਛਾਣੇ ਗਏ ਸਕੂਲ ਉਹ ਸਕੂਲ ਹਨ ਜਿਨ੍ਹਾਂ ਦਾ ਆਪਣੇ ਵਿਦਿਆਰਥੀਆਂ ਲਈ ਸਮੁੱਚਾ ਪ੍ਰਦਰਸ਼ਨ ਵਾਸ਼ਿੰਗਟਨ ਦੇ ਸਕੂਲਾਂ ਦੇ ਹੇਠਲੇ 5% ਵਿੱਚ ਆਉਂਦਾ ਹੈ
  - ਵਿਆਪਕ-ਪਾਸ ਹੋਣ ਦੀ ਦਰ ਸੰਬੰਧੀ ਸਹਾਇਤਾ ਲਈ ਪਛਾਣੇ ਗਏ ਸਕੂਲ ਉਹ ਸਕੂਲ ਹਨ ਜਿਨ੍ਹਾਂ ਦੀ ਚਾਰ ਸਾਲਾ ਪਾਸ ਹੋਣ ਦੀ ਦਰ 67% ਤੋ ਘੱਟ ਹੈ
  - ਟੀਚਾਬੱਧ ਸਹਾਇਤਾ ਲਈ ਪਛਾਣੇ ਗਏ ਸਕੂਲ ਉਹ ਸਕੂਲ ਹਨ ਜਿਨ੍ਹਾਂ ਦਾ ਸਮੁੱਚਾ ਪ੍ਰਦਰਸ਼ਨ 5% ਸੀਮਾ ਤੋਂ ਉ।ਪਰ ਹੈ, ਪਰ ਜਿਨ੍ਹਾਂ ਕੋਲ ਖਾਸ ਵਿਦਿਆਰਥੀ ਸਮੂਹ ਹਨ ਜੋ ਘੱਟ ਪ੍ਰਦਰਸ਼ਨ ਕਰ ਰਹੇ ਹਨ।

2018 ਵਿੱਚ ਪਛਾਣ ਕਰਨ ਲਈ, 5% ਸੀਮਾ ਉਹ ਅੰਕ ਹੈ ਜੋ 2.3 ਦੇ ਬਰਾਬਰ ਜਾਂ ਇਸ ਤੋ ਹੇਠਾਂ ਹੈ। ਇਸਦਾ ਮਤਲਬ ਹੈ ਕਿ ਵਿਆਪਕ ਸਹਾਇਤਾ ਲਈ ਪਛਾਣੇ ਗਏ ਸਕੂਲਾਂ ਦਾ ਸਕੋਰ 2.3 ਦੇ ਬਰਾਬਰ ਜਾਂ ਇਸਦੇ ਹੇਠਾਂ ਹੈ, ਜਦ ਕਿ ਟੀਚਾਬੱਧ ਸਹਾਇਤਾ ਲਈ ਪਛਾਣੇ ਗਏ ਸਕੂਲ ਵਿੱਚ 2.3 'ਤੇ ਜਾਂ ਇਸ ਤੋਂ ਹੇਠਾਂ ਅੰਕ ਪ੍ਰਾਪਤ ਕਰਨ ਵਾਲੇ ਵਿਅਕਤੀਗਤ ਵਿਦਿਆਰਥੀ ਸਮੂਹ ਹੈ(ਹਨ)।

ਤਰੀਕੇ ਬਾਰੇ ਵਧੇਰੇ ਵਿਸਤਾਰ ਵਿੱਚ ਜਾਣਕਾਰੀ ਵਾਸ਼ਿੰਗਟਨ ESSA ਸੰਯੁਕਤ ਯੋਜਨਾ ਵਿੱਚ ਮਿਲ ਸਕਦੀ ਹੈ।

- ਇਸਦਾ ਕੀ ਮਤਲਬ ਹੈ ਕਿ ਮੇਰੇ ਸਕੂਲ ਨੂੰ (ਵਿਆਪਕ, ਵਿਆਪਕ-ਪਾਸ ਹੋਣ ਦੀ ਦਰ, ਟੀਚਾਬੱਧ) ਲਈ ਪਛਾਣਿਆ ਗਿਆ ਹੈ?

ਜੇ ਸਕੂਲ ਨੂੰ ਵਿਆਪਕ ਜਾਂ ਟੀਚਾਬੱਧ ਵਿੱਚੋਂ ਕਿਸੇ ਸਹਾਇਤਾ ਲਈ ਚੁਣਿਆ ਗਿਆ ਹੈ, ਤਾਂ ਇਸਦਾ ਮਤਲਬ ਹੈ ਕਿ ਉਹਨਾਂ ਕੋਲ ਸੁਧਾਰ ਕਰਨ ਲਈ ਖਾਸ ਪ੍ਰਦਰਸ਼ਨ ਖੇਤਰ ਹਨ। ਇਸ ਕੰਮ ਨੂੰ ਸਕੂਲ ਸੁਧਾਰ ਵਜੋਂ ਜਾਣਿਆ ਜਾਂਦਾ ਹੈ। ਜਿਨ੍ਹਾਂ ਖੇਤਰਾਂ ਵਿੱਚ ਕਿਸੇ ਸਕੂਲ ਨੂੰ ਸੁਧਾਰ ਕਰਨ ਦੀ ਲੋੜ ਹੋ ਸਕਦੀ ਹੈ ਉਹ ਕਿਸੇ ਖਾਸ ਮਾਪ 'ਤੇ ਹੋ ਸਕਦੇ ਹਨ, ਜਿਵੇਂ ਕਿ ਪਾਸ ਹੋਣ ਦੀ ਦਰ ਜਾਂ ਕਿਸੇ

# ਆਮ ਜਨਤਾ ਲਈ ਅਕਸਰ ਪੁੱਛੇ ਜਾਂਦੇ ਪ੍ਰਸ਼ਨ

ਖਾਸ ਵਿਦਿਆਰਥੀ ਸਮੂਹ, ਜਿਵੇਂ ਕਿ ਅਸਮਰਥਤਾਵਾਂ ਵਾਲੇ ਵਿਦਿਆਰਥੀ ਲਈ ਸਮੁੱਚਾ ਪ੍ਰਦਰਸ਼ਨ। ਬੀਤੇ ਸਮੇਂ ਵਿੱਚ, ਸਕੂਲ ਸੁਧਾਰ ਲਈ ਪਛਾਣਿਆ ਜਾਣਾ, ਅਕਸਰ ਨਕਾਰਾਤਮਕ ਤੌਰ 'ਤੇ ਦੇਖਿਆ ਜਾਂਦਾ ਸੀ, ਪਰ OSPI ਇਸ ਧਾਰਣਾ ਨੂੰ ਬਦਲਣਾ ਚਾਹੇਗਾ। ਪਬਲਿਕ ਸਕੂਲ ਉਹਨਾਂ ਸਾਰੇ ਬੱਚਿਆਂ ਲਈ ਸਿੱਖਿਆ ਮੁਹੱਈਆ ਕਰਦੇ ਹਨ ਜੋ ਉਹਨਾਂ ਕੋਲ ਪੜ੍ਹਾਈ ਕਰਦੇ ਹਨ, ਪਰ ਕੁਝ ਵਿਦਿਆਰਥੀਆਂ ਦੀਆਂ ਦੂਜਿਆਂ ਨਾਲੋਂ ਵੱਧ ਲੋੜਾਂ ਹੁੰਦੀਆਂ ਹਨ। ਸਾਡਾ ਮੰਨਣਾ ਹੈ ਕਿ ਧਿਆਨ ਇਹ ਯਕੀਨੀ ਬਣਾਉਣ 'ਤੇ ਹੋਣਾ ਚਾਹੀਦਾ ਹੈ ਕਿ ਅਸੀਂ ਸਾਰੇ ਵਿਦਿਆਰਥੀਆਂ ਦੀਆਂ ਲੋੜਾਂ ਪੂਰੀਆਂ ਕਰੀਏ ਅਤੇ ਉਸਦਾ ਮਤਲਬ ਹੈ ਇਹ ਪਛਾਣਨਾ ਕਿ ਕਿਹੜੇ ਸਕੂਲਾਂ ਨੂੰ ਅਜਿਹਾ ਕਰਨ ਲਈ ਵਧੇਰੇ ਸਹਾਇਤਾ ਦੀ ਲੋੜ ਹੈ।

- ਕਿਉਂਕਿ ਮੇਰੇ ਸਕੂਲ ਨੂੰ ਪਛਾਣਿਆ ਗਿਆ ਹੈ, ਕੀ ਉਹ ਚੰਗਾ ਪ੍ਰਦਰਸ਼ਨ ਨਹੀਂ ਕਰ ਰਿਹਾ ਹੈ?

OSPI ਦਾ ਮੰਨਣਾ ਹੈ ਕਿ ਸੁਧਾਰ ਲਈ ਹਮੇਸ਼ਾਂ ਗੁੰਜਾਇਸ਼ ਹੁੰਦੀ ਹੈ। ਕੁਝ ਸਕੂਲਾਂ ਨੂੰ ਕਈ ਮਾਪਾਂ ਦੁਆਰਾ ਸਫਲ ਵਜੋਂ ਦੇਖਿਆ ਜਾਂਦਾ ਹੈ, ਪਰ ਉਹ ਹਾਲੇ ਵੀ ਉਸ ਵਿੱਚ ਬਿਹਤਰ ਬਣਨ ਦੀ ਕੋਸ਼ਿਸ਼ ਕਰ ਰਹੇ ਹਨ ਜਿਸ ਵਿੱਚ ਉਹ ਅੱਗੇ ਹਨ। ਦੂਜੇ ਸਕੂਲਾਂ ਕੋਲ ਉਸ ਨਾਲੋਂ ਜ਼ਿਆਦਾ ਕੰਮ ਹੈ ਜਿੰਨਾ ਉਹਨਾਂ ਨੂੰ ਕਰਨਾ ਪੈ ਸਕਦਾ ਹੈ, ਪਰ ਉਹ ਵੀ ਅੱਗੇ ਵਧਣ ਦੀ ਕੋਸ਼ਿਸ਼ ਕਰ ਰਹੇ ਹਨ। ਜਦ ਕਿ WSIF ਬਹੁਤ ਮਹੱਤਵਪੂਰਨ ਮਾਪਾਂ 'ਤੇ ਸਕੂਲ ਦੇ ਪ੍ਰਦਰਸ਼ਨ ਦਾ ਮੁਆਇਨਾ ਕਰਦਾ ਹੈ, ਇਹ ਯਾਦ ਰੱਖਣ ਲਈ ਮਹੱਤਵਪੂਰਨ ਹੈ ਕਿ ਕਈ ਵਿਸ਼ੇਸ਼ਤਾਵਾਂ ਹਨ ਜੋ ਇਹ ਨਿਰਧਾਰਨ ਕਰਨ ਵਿੱਚ ਮਦਦ ਕਰ ਸਕਦੀਆਂ ਹਨ ਕਿ ਸਕੂਲ "ਚੰਗਾ ਪ੍ਰਦਰਸ਼ਨ ਕਰ ਰਹਾ ਹੈ"।

ਬੀਤੇ ਸਮੇਂ ਵਿੱਚ, ਸਕੂਲ ਸੁਧਾਰ ਲਈ ਪਛਾਣਿਆ ਜਾਣਾ, ਅਕਸਰ ਨਕਾਰਾਤਮਕ ਤੌਰ 'ਤੇ ਦੇਖਿਆ ਜਾਂਦਾ ਸੀ, ਪਰ OSPI ਇਸ ਧਾਰਣਾ ਨੂੰ ਬਦਲਣਾ ਚਾਹੇਗਾ। ਪਬਲਿਕ ਸਕੂਲ ਉਹਨਾਂ ਸਾਰੇ ਬੱਚਿਆਂ ਲਈ ਸਿੱਖਿਆ ਮੁਹੱਈਆ ਕਰਦੇ ਹਨ ਜੋ ਉਹਨਾਂ ਕੋਲ ਪੜ੍ਹਾਈ ਕਰਦੇ ਹਨ, ਪਰ ਕੁਝ ਵਿਦਿਆਰਥੀਆਂ ਦੀਆਂ ਦੂਜਿਆਂ ਨਾਲੋਂ ਵੱਧ ਲੋੜਾਂ ਹੁੰਦੀਆਂ ਹਨ। ਸਾਡਾ ਮੰਨਣਾ ਹੈ ਕਿ ਧਿਆਨ ਇਹ ਯਕੀਨੀ ਬਣਾਉਣ 'ਤੇ ਹੋਣਾ ਚਾਹੀਦਾ ਹੈ ਕਿ ਅਸੀਂ ਸਾਰੇ ਵਿਦਿਆਰਥੀਆਂ ਦੀਆਂ ਲੋੜਾਂ ਪੂਰੀਆਂ ਕਰੀਏ ਅਤੇ ਉਸਦਾ ਮਤਲਬ ਹੈ ਇਹ ਪਛਾਣਨਾ ਕਿ ਕਿਹੜੇ ਸਕੂਲਾਂ ਨੂੰ ਅਜਿਹਾ ਕਰਨ ਲਈ ਵਧੇਰੇ ਸਹਾਇਤਾ ਦੀ ਲੋੜ ਹੈ।

- ਮੈਂ ਸੁਣਿਆ ਹੈ ਕਿ ਸਕੂਲਾਂ ਨੂੰ ਪਛਾਣਿਆ ਗਿਆ ਹੈ – ਕੀ ਨਵਾਂ ਜਵਾਬਦੇਹੀ ਪੈਮਾਨਾ ਮੁਸ਼ਕਲ ਹੈ?

WSIF ਮੁਸ਼ਕਲ ਨਹੀਂ ਹੈ, ਪਰ ਵੱਖਰਾ ਹੈ। ਵਿੱਦਿਅਕ ਸਮਾਨਤਾ ਪ੍ਰਤੀ ਵਾਸ਼ਿੰਗਟਨ ਦੀ ਵਚਨਬੱਧਤਾ ਦੇ ਕਾਰਨ, ESSA ਦੇ ਤਹਿਤ ਫ੍ਰੇਮਵਰਕ ਲਈ ਵਿਧੀ ਨੂੰ ਬਦਲਿਆ ਗਿਆ ਹੈ ਤਾਂ ਜੋ ਉਹਨਾਂ ਖੇਤਰਾਂ ਨੂੰ ਬਿਹਤਰ ਤਰੀਕੇ ਨਾਲ ਪਛਾਣਿਆ ਜਾ ਸਕੇ ਜਿੱਥੇ ਸਾਨੂੰ ਆਪਣੀ ਇਸ ਕਲਪਨਾ ਨੂੰ ਪ੍ਰਾਪਤ ਕਰਨ ਲਈ ਸੁਧਾਰ ਕਰਨਾ ਪਵੇਗਾ ਕਿ ਵਾਸ਼ਿੰਗਟਨ ਵਿੱਚ ਹਰੇਕ ਵਿਦਿਆਰਥੀ ਕਰੀਅਰ, ਕਾਲਜ, ਅਤੇ ਜ਼ਿੰਦਗੀ ਵਿੱਚ ਸਫਲ ਹੋਣ ਲਈ ਤਿਆਰ ਹੋਵੇ।

# ਆਮ ਜਨਤਾ ਲਈ ਅਕਸਰ ਪੁੱਛੇ ਜਾਂਦੇ ਪ੍ਰਸ਼ਨ

ਜਦ ਕਿ ਇਹ ਸੱਚ ਹੈ ਕਿ ਬੀਤੇ ਸਮੇਂ ਨਾਲੋਂ ਜ਼ਿਆਦਾ ਸਕੂਲਾਂ ਨੂੰ ਸਹਾਇਤਾ ਲਈ ਪਛਾਣਿਆ ਗਿਆ ਹੈ, OSPI ਇਸ ਗੱਲ ਨੂੰ ਸਕਾਰਾਤਮਕ ਦੇ ਰੂਪ ਵਿੱਚ ਦੇਖਦਾ ਹੈ ਕਿਉਂਕਿ ਇਹ ਉਸ ਕੰਮ ਦੇ ਦਾਇਰੇ ਨੂੰ ਉਜਾਗਰ ਕਰਦਾ ਹੈ ਜੋ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕਰਨੀ ਜ਼ਰੂਰੀ ਹੈ ਕਿ ਹਰੇਕ ਵਿਦਿਆਰਥੀ ਨੂੰ ਅਜਿਹਾ ਵਿਦਿਅਕ ਤਜ਼ਰਬਾ ਮਿਲੇ ਜਿਸਦੀ ਉਸ ਨੂੰ ਸਕੂਲ ਛੱਡਣ ਤੋਂ ਬਾਅਦ ਸਫਲ ਹੋਣ ਲਈ ਲੋੜ ਹੈ।

- ਇੰਨੇ ਜ਼ਿਆਦਾ ਸਕੂਲਾਂ ਨੂੰ ਪੜ੍ਹਾਈ ਦੇ ਵਿਕਲਪਕ ਮਾਹੌਲ ਵਿੱਚ ਵਿਆਪਕ-ਪਾਸ ਹੋਣ ਦੀ ਦਰ ਲਈ ਕਿਉਂ ਪਛਾਣਿਆ ਗਿਆ ਹੈ?

ਇੱਕ ਸੁਧਾਰ ਜੋ OSPI ਲਾਗੂ ਕਰ ਰਹੀ ਹੈ ਇਹ ਹੈ ਡਿਸਟ੍ਰਿਕਟਾਂ ਅਤੇ ਸਕੂਲਾਂ ਦੀਆਂ ਲੋੜਾਂ ਦੇ ਆਧਾਰ 'ਤੇ ਵੱਖਰੀ ਤਰ੍ਹਾਂ ਦੀ ਸਹਾਇਤਾ ਹੈ। ਕਿਉਂਕਿ ਅਸੀਂ ਉਹਨਾਂ ਸਕੂਲਾਂ ਦੀ ਪਛਾਣ ਕਰ ਰਹੇ ਹਾਂ ਜਿਨ੍ਹਾਂ ਨੂੰ ਵਾਧੂ ਸਹਾਇਤਾ ਦੀ ਲੋੜ ਹੈ, ਸਾਡਾ ਮੰਨਣਾ ਹੈ ਕਿ ਵਿਕਲਪਕ ਸਕੂਲ ਦੀ ਪਛਾਣ ਮਦਦਗਾਰ ਹੈ ਕਿਉਂਕਿ ਇਹ ਸੈਟਿੰਗਾਂ ਉਹਨਾਂ ਵਿਦਿਆਰਥੀਆਂ ਨੂੰ ਸੇਵਾ ਦਿੰਦੀਆਂ ਹਨ ਜਿਣਹਾਂ ਨੂੰ ਖੁਦ ਲਈ ਵੱਖਰੀ ਸਹਾਇਤਾ ਦੀ ਲੋੜ ਹੈ।

ਦੂਜਾ, ਅਸੀਂ (ਮਤਲਬ ਕਿ OSPI, ਡਿਸਟ੍ਰਿਕਟ, ਅਤੇ ਸਕੂਲ) ਹੋਰ ਅਰਥਪੂਰਨ ਪੈਮਾਨਿਆਂ ਨੂੰ ਦੇਖ ਰਹੇ ਹਾਂ ਜੋ ਪ੍ਰੋਗਰਾਮ ਦੇ ਮੁਲਾਂਕਣ ਅਤੇ ਸੁਧਾਰ ਦੀ ਯੋਜਨਾ ਵਿਚ ਸਾਡੀ ਮਦਦ ਕਰ ਸਕਦੇ ਹਨ। ਉਦਾਹਰਨ ਲਈ, ਪਾਸ ਹੋਣ ਦੀ ਦਰ ਦਾ ਹਿਸਾਬ ਚਾਰ ਸਾਲ ਦੀ ਪਾਸ ਹੋਣ ਦੀ ਦਰ ਦੀ ਵਰਤੋਂ ਕਰਦੇ ਹੋਏ ਲਗਾਇਆ ਜਾਂਦਾ ਹੈ ਅਤੇ ਕਈ ਵਿਦਿਆਰਥੀ ਦੂਜੇ ਸਕੂਲਾਂ ਤੋਂ ਸਫਲਤਾ ਨਾਲ ਪਾਸ ਹੋ ਜਾਂਦੇ ਹਨ, ਪਰ ਪਾਸ ਹੋਣ ਦੀ ਵਧਾਈ ਗਈ ਸਮਾਂ-ਰੇਖਾ 'ਤੇ।

- ਇਹ ਤਰਜੀਹ ਜਾਂ ਧਿਆਨ ਤੋਂ ਵੱਖਰਾ/ਦੇ ਸਮਾਨ ਕਿਵੇਂ ਹੈ? ਕੀ ਸਕੂਲਾਂ ਨੂੰ ਐਡੀਕੁਏਟ ਯੀਅਰਲੀ ਪ੍ਰੋਗਰੈੱਸ (ਢੁਕਵੀਂ ਸਲਾਨਾ ਤਰੱਕੀ) (AYP) ਕਰਨ ਦੀ ਲੋੜ ਹੈ?

ਨੋ ਚਾਈਲਡ ਲੈਫ਼ਟ ਬਿਹਾਇੰਡ ਦੇ ਤਹਿਤ, ਸਕੂਲਾਂ ਨੂੰ ਜਾਂ ਤਾਂ ਤਰਜੀਹ ਵਾਲੇ ਜਾਂ ਧਿਆਨ ਵਾਲੇ ਸਕੂਲ ਵਜੋਂ ਸੁਧਾਰ ਲਈ ਪਛਾਣਿਆ ਗਿਆ ਸੀ ਅਤੇ ਸੁਧਾਰ ਕਰ ਰਹੇ ਵਜੋਂ ਪਛਾਣੇ ਜਾਣ ਲਈ, ਉਹਨਾਂ ਨੂੰ ਐਡੀਕੁਏਟ ਯੀਅਰਲੀ ਪ੍ਰੋਗਰੈੱਸ (ਢੁਕਵੀਂ ਸਲਾਨਾ ਤਰੱਕੀ) ਕਰਨ ਦੀ ਲੋੜ ਹੁੰਦੀ ਹੈ। ਕਿਉਂਕਿ ਅਸੀਂ ਆਪਣੇ ਤਰੀਕੇ ਨੂੰ ਪੂਰੀ ਤਰ੍ਹਾਂ ਨਾਲ ਮੁੜ ਤੋਂ ਡਿਜ਼ਾਈਨ ਕੀਤਾ ਹੈ, ਇਹਨਾਂ ਵਿੱਚ ਕੁਝ ਸਮਾਨਤਾਵਾਂ ਹਨ। ਵਿਆਪਕ ਅਤੇ ਟੀਚਾਬੱਧ,, ਤਰਜੀਹ ਅਤੇ ਧਿਆਨ ਵਰਗੇ ਹਨ ਕਿਉਂਕਿ ਉਹ ਦੋਵੇਂ ਰਾਜ ਅਤੇ ਫੈਡਰਲ ਵਿਧਾਨ ਦੇ ਵਿੱਚ ਰੇਖਾਂਕਿਤ ਕੀਤੇ ਗਏ ਸ਼੍ਰੇਣੀ ਲੇਬਲ ਹਨ। ਇਸ ਤੋਂ ਇਲਾਵਾ, ESSA ਨੂੰ ਲਾਗੂ ਕਰਨਾ ਅਤੇ ਸੁਪਰਿਨਟੇਨਡੇਂਟ ਰੇਈਕਡਲ ਦੇ ਤਹਿਤ ਨਵਾਂ ਪ੍ਰਸਾਸ਼ਨ, ਪਛਾਣ ਲਈ ਨਵਾਂ ਤਰੀਕਾ ਦਰਸਾਉਣਗੇ। ਅਸੀਂ "ਫੇਲ ਹੋ ਰਹੇ" ਸਕੂਲਾਂ ਨੂੰ ਸਜ਼ਾ ਤੋਂ ਦੂਰ ਜਾ ਰਹੇ ਹਾਂ, ਇਸਦੀ ਬਜਾਏ ਸਭ ਤੋਂ ਵੱਧ ਲੋੜਾਂ ਵਾਲੇ ਸਕੂਲਾਂ ਨੂੰ ਮੁੜ ਤਿਆਰ ਕੀਤੀ ਸਹਾਇਤਾ ਮੁਹੱਈਆ ਕਰਨ ਦੀ ਸੋਚ ਰਹੇ ਹਾਂ।

ਆਮ ਜਨਤਾ ਲਈ ਅਕਸਰ ਪੁੱਛੇ ਜਾਂਦੇ ਪ੍ਰਸ਼ਨ

ਜਵਾਬਦੇਹੀ ਦਾ ਪੈਮਾਨਾ ਵੀ ਬਦਲ ਗਿਆ ਹੈ, ਜੋ ਇਹ ਨਿਰਧਾਰਤ ਕਰਨ ਲਈ ਕਿ ਕੀ ਕਿਸੇ ਸਕੂਲ ਕੋਲ ਸੁਧਾਰ ਲਈ ਖੇਤਰ ਹਨ, ਸਿਰਫ ਪਾਸ ਹੋਣ ਦੀ ਦਰ ਅਤੇ ਵਿਦਿਆਰਥੀ ਦੀ ਪ੍ਰਾਪਤੀ ਦੇ ਅੰਕਾਂ ਨਾਲੋਂ ਜ਼ਿਆਦਾ ਚੀਜ਼ਾਂ ਨੂੰ ਦੇਖਦਾ ਹੈ। ਨਵਾਂ WSIF ਮਾਪ ਨੂੰ ਵਧਾ ਕੇ ਇਸ ਵਿੱਚ ਵਾਧਾ, ਅੰਗ੍ਰੇਜ਼ੀ ਸਿੱਖਣ ਵਾਲੇ ਦੀ ਤਰੱਕੀ, ਨਿਯਮਿਤ ਹਾਜ਼ਰੀ, ਅਤੇ, ਜੇ ਲਾਗੂ ਹੋਵੇ, ਕਾਲਜ ਅਤੇ ਕਰੀਅਰ ਲਈ ਤਿਆਰੀ ਨੂੰ ਸ਼ਾਮਲ ਕਰਦਾ ਹੈ, ਜਿਵੇਂ ਕਿ ਅਡਵਾਂਸਡ ਕੋਰਸ (ਦੂਹਰਾ ਕ੍ਰੈਡਿਟ) ਪੇਸ਼ ਕਰਨਾ ਅਤੇ 9ਵੇਂ ਗ੍ਰੇਡ ਦੇ ਵਿਦਿਆਰਥੀ ਪਾਸ ਹੋਣ ਦੇ ਰਸਤੇ 'ਤੇ ਹਨ। ਸਕੂਲਾਂ ਨੂੰ ਐਡੀਕੁਏਟ ਯੀਅਰਲੀ ਪ੍ਰੋਗਰੈੱਸ (ਢੁਕਵੀਂ ਸਲਾਨਾ ਤਰੱਕੀ) ਕਰਨ ਦੀ ਲੋੜ ਹੋਵੇਗੀ ਜਿਵੇਂ ਕਿ ਨੋ ਚਾਈਲਡ ਲੈਫ਼ਟ ਬਿਹਾਂਇੰਡ ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ ਪਰ ਉਹਨਾਂ ਦੀ ਸੁਧਾਰ ਯੋਜਨਾ ਵਿੱਚ ਨਿਰਧਾਰਤ ਕੀਤੇ ਅਨੁਸਾਰ ਵੀ ਤਰੱਕੀ ਕਰਨੀ ਪਵੇਗੀ।

- ਭਾਈਚਾਰਕ ਮੈਂਬਰ/ਮਾਤਾ/ਪਿਤਾ ਦੇ ਰੂਪ ਵਿੱਚ ਮੈਨੂੰ ਆਪਣੀ ਡਿਸਟ੍ਰਿਕਟ ਅਤੇ ਸਕੂਲ ਦੇ ਬਾਰੇ ਹੋਰ ਜਾਣਕਾਰੀ ਕਿਥੋਂ ਮਿਲ ਸਕਦੀ ਹੈ?

ਆਪਣੀ ਡਿਸਟ੍ਰਿਕਟ ਅਤੇ ਸਕੂਲ ਦੇ ਬਾਰੇ ਜਾਣਕਾਰੀ ਲੱਭਣ ਲਈ ਭਾਈਚਾਰਕ ਮੈਂਬਰ ਅਤੇ ਪਰਿਵਾਰਾਂ ਦੇ ਲਈ ਕੁਝ ਸਥਾਨ ਹਨ। ਪਹਿਲਾ ਸਰੋਤ ਸਿੱਧਾ ਆਪਣ ਡਿਸਟ੍ਰਿਕਟ ਅਤੇ ਸਕੂਲ ਦੇ ਨਾਲ ਸੰਪਰਕ ਕਰਨਾ ਹੈ! ਜਾਣਕਾਰੀ ਦਾ ਦੂਜਾ ਸਰੋਤ ਤੁਹਾਡਾ ਸਥਾਨਕ ਸਕੂਲ ਬੋਰਡ ਵੀ ਹੋ ਸਕਦਾ ਹੈ।

ਆਪਣੇ ਸਕੂਲ ਦੇ ਪ੍ਰਦਰਸ਼ਨ ਬਾਰੇ ਹੋਰ ਜਾਣਕਾਰੀ ਲੈਣ ਲਈ, Report Card ਸਾਈਟ 'ਤੇ ਜਾਓ, ਜਿਸ ਦੀ ਸਾਂਭ-ਸੰਭਾਲ ਰਾਜ ਦੀ ਵਿਦਿਅਕ ਏਜੰਸੀ, OSPI ਦੁਆਰਾ ਕੀਤੀ ਜਾਂਦੀ ਹੈ।

## ਸਹਾਇਤਾ

- ਭਾਈਚਾਰਕ ਮੈਂਬਰ/ਮਾਪੇ/ਪਰਿਵਾਰਕ ਮੈਂਬਰ ਵੱਜੋਂ ਮੈਂ ਆਪਣੇ ਸਕੂਲ ਦੀ ਸਹਾਇਤਾ ਲਈ ਕੀ ਕਰ ਸਕਦਾ/ਸਕਦੀ ਹਾਂ?

ਤੁਹਾਡਾ ਸਥਾਨਕ ਸਕੂਲ ਤੁਹਾਨੂੰ ਇਹ ਦੱਸਣ ਲਈ ਬਿਹਤਰ ਸਥਿਤੀ ਵਿੱਚ ਹੁੰਦਾ ਹੈ ਕਿ ਤੁਸੀਂ ਆਪਣੇ ਸਕੂਲ ਦੀ ਸਹਾਇਤਾ ਕਿਵੇਂ ਕਰ ਸਕਦੇ ਹੋ। ਇਹ ਪਤਾ ਕਰਨ ਲਈ ਕਿ ਮਾਪਿਆਂ/ਪਰਿਵਾਰ ਦੀ ਸ਼ਮੂਲੀਅਤ ਵਾਲਾ ਅਗਲਾ ਪ੍ਰੋਗਰਾਮ ਕਦੋਂ ਕਰਵਾਇਆ ਜਾਵੇਗਾ, ਕਿਰਪਾ ਕਰਕੇ ਆਪਣੇ ਸਕੂਲ ਦੀ ਵੈੱਬਸਾਇਟ, ਸੋਸ਼ਲ ਮੀਡੀਆ ਸਾਇਟ(ਟਾਂ) ਦੇਖੋ ਜਾਂ ਆਪਣੇ ਸਥਾਨਕ ਸਕੂਲ ਨੂੰ ਕਾਲ ਕਰੋ। ਤੁਸੀਂ ਸਕੂਲ ਵਿੱਚ ਸਵੈ-ਸੇਵਾ ਕਰਨ ਜਾਂ ਸਮੱਗਰੀਆਂ ਦਾਨ ਕਰਨ ਬਾਰੇ ਵੀ ਪੁੱਛਣ ਦੇ ਇਛੁੱਕ ਹੋ ਸਕਦੇ ਹੋ।

ਸ਼ਾਇਦ ਸਭ ਤੋਂ ਮਹੱਤਵਪੂਰਨ ਭੂਮਿਕਾ ਆਪਣੀਆਂ ਜ਼ਿੰਦਗੀਆਂ ਵਿੱਚ ਬੱਚਿਆਂ ਦੀ ਸਹਾਇਤਾ ਕਰਨਾ ਹੈ। ਅਕਾਦਮਿਕ ਗੱਲਾਂ (ਮਿਸਾਲ ਲਈ ਇਕੱਠੇ ਪੜ੍ਹਨਾ) ਜਾਂ ਸ਼ੁਗਲ (ਜਿਵੇਂ ਕਿ ਨਵੀਆਂ ਭੋਜਨ-ਵਿਧੀਆਂ ਨਾਲ ਭੋਜਨ ਬਣਾਉਣਾ ਸਿੱਖਣਾ) ਲਈ ਇਕੱਠੇ ਸਿੱਖਣ ਦਾ ਅਭਿਆਸ ਕਰੋ। ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰੋ ਕਿ ਉਹ ਪੜ੍ਹਨ ਲਈ ਤਿਆਰ ਹੋ ਕੇ ਸਕੂਲ ਪਹੁੰਚਣ

(ਮਿਸਾਲ ਲਈ ਉਹ ਲੋੜੀਂਦਾ ਆਰਾਮ ਕਰਨ, ਉਹਨਾਂ ਨੂੰ ਸਮੇਂ ਸਿਰ ਪਹੁੰਚਣ ਸਮੇਤ ਨਿਯਮਿਤ ਹਾਜ਼ਰੀ ਲਈ ਸਹਾਇਤਾ ਮਿਲੇ)। ਉਹਨਾਂ ਨੂੰ ਗੱਲਬਾਤ ਕਰਨ ਲਈ ਉਤਸ਼ਾਹਿਤ ਕਰਨ ਵਾਸਤੇ ਉਹਨਾਂ ਤੋਂ ਵਿਸਤ੍ਰਿਤ ਜਵਾਬ ਵਾਲੇ ਪ੍ਰਸ਼ਨ ਪੁੱਛੋ (ਮਿਸਾਲ ਲਈ, "ਤੁਸੀਂ ਅੱਜ ਕਿਹੜੀ ਕੋਈ ਨਵੀਂ ਗੱਲ ਸਿੱਖੀ ਹੈ"? ਅਤੇ ਹਾਂ/ਨਾਂਹ ਵਾਲੇ ਪ੍ਰਸ਼ਨ ਨਾ ਪੁੱਛੋ ਜਿਵੇਂ ਕਿ, "ਕੀ ਸਕੂਲ ਵਿੱਚ ਤੁਹਾਡਾ ਦਿਨ ਵਧੀਆ ਰਿਹਾ"?)। ਉਹਨਾਂ ਨਾਲ ਉਹਨਾਂ ਦੀਆਂ ਆਸਾਂ ਅਤੇ ਸੁਫ਼ਨਿਆਂ ਬਾਰੇ ਗੱਲ ਕਰੋ ਅਤੇ ਆਪਣੀਆਂ ਆਸਾਂ ਅਤੇ ਸੁਫ਼ਨਿਆਂ ਨੂੰ ਉਹਨਾਂ ਨਾਲ ਸਾਂਝਾ ਕਰੋ।

- ਮੈਨੂੰ ਆਪਣੇ ਡਿਸਟ੍ਰਿਕਟ ਜਾਂ ਸਕੂਲ ਤੋਂ ਹੋਰ ਕਿਸ ਤਰ੍ਹਾਂ ਦੀ ਜਾਣਕਾਰੀ ਜਾਂ ਸੂਚਨਾ ਦੇ ਅਦਾਨ-ਪ੍ਰਦਾਨ ਦੀ ਆਸ ਕਰਨੀ ਚਾਹੀਦੀ ਹੈ?

ਸਥਾਨਕ ਸਕੂਲ ਅਤੇ ਡਿਸਟ੍ਰਿਕਟ ਤੋਂ ਜਾਣਕਾਰੀ ਅਤੇ ਸੂਚਨਾ ਦਾ ਅਦਾਨ-ਪ੍ਰਦਾਨ ਜਗ੍ਹਾ ਅਨੁਸਾਰ ਵੱਖ-ਵੱਖ ਹੋਵੇਗਾ। ਪਰ, ਸਕੂਲਾਂ ਨੂੰ ਕੁਝ ਮਹੱਤਵਪੂਰਨ ਜਾਣਕਾਰੀ ਬਾਰੇ ਦੱਸਣਾ ਚਾਹੀਦਾ ਹੈ ਜਿਵੇਂ ਕਿ ਸੂਬੇ-ਵਿਆਪੀ ਮੁਲਾਂਕਣਾਂ 'ਤੇ ਤੁਹਾਡੇ ਵਿਦਿਆਰਥੀ ਦੀ ਕਾਰਗੁਜ਼ਾਰੀ, ਸਕੂਲ ਦੇ ਰਿਪੋਰਟ ਕਾਰਡ ਬਾਰੇ ਜਾਣਕਾਰੀ, ਅਤੇ ਸਕੂਲ ਦੇ ਸੁਧਾਰ ਦੀ ਸਥਿਤੀ। ਮਾਪਿਆਂ ਅਤੇ ਪਰਿਵਾਰਕ ਮੈਂਬਰਾਂ ਨੂੰ ਸਕੂਲ ਦੀ ਸੁਧਾਰ ਯੋਜਨਾ ਤਿਆਰ ਕਰਨ ਲਈ ਸਕੂਲ ਸਟਾਫ ਨਾਲ ਕੰਮ ਕਰਨ ਦਾ ਵੀ ਸੱਦਾ ਦਿੱਤਾ ਜਾਂਦਾ ਹੈ। ਕੁਝ ਸਕੂਲਾਂ ਕੋਲ ਖਾਸ ਵਧੀਕ ਜਾਣਕਾਰੀ ਹੁੰਦੀ ਹੈ ਜਿਸ ਬਾਰੇ ਉਹਨਾਂ ਨੂੰ ਉਸ ਵੇਲੇ ਮਾਪਿਆਂ ਅਤੇ ਪਰਿਵਾਰਾਂ ਨੂੰ ਦੱਸਣ ਦੀ ਲੋੜ ਹੁੰਦੀ ਹੈ ਜੇ ਉਹ ਕੁਝ ਖਾਸ ਫੈਡਰਲ ਜ਼ਰੂਰਤਾਂ ਪੂਰੀਆਂ ਕਰਦੇ ਹਨ।